a2zpapers.com

**Exam. Code : 108503**
**Subject Code : 2815**

**B.Com. 3rd Semester**

**MUDHLI PUNJABI**

**Paper : BCG–302(ii)**

www.a2zpapers.com

Time Allowed—3 Hours] [Maximum Marks—50

**ਨੋਟ :** ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ। ਪ੍ਰਸ਼ਨਾਂ ਦੇ ਉੱਤਰ ਤਰਤੀਬ ਅਨੁਸਾਰ ਇਕੋ ਸਥਾਨ 'ਤੇ ਹੱਲ ਕਰੋ।

## ਭਾਗ—ਪਹਿਲਾ

1. ਵਾਕ ਜਾਂ ਉਪਵਾਕ ਨੂੰ ਪਰਿਭਾਸ਼ਤ ਕਰਦਿਆਂ ਇੱਕ ਸਾਧਾਰਨ, ਇੱਕ ਸੰਯੁਕਤ ਅਤੇ ਇੱਕ ਮਿਸ਼ਰਤ ਵਾਕ ਬਣਾਓ। 5

2. ਹੇਠ ਲਿਖੇ ਵਾਕਾਂ ਵਿੱਚੋਂ ਸਾਧਾਰਨ, ਸੰਯੁਕਤ ਅਤੇ ਮਿਸ਼ਰਤ ਵਾਕਾਂ ਦੀ ਪਛਾਣ ਕਰੋ :

   (ੳ) ਰਾਤ ਨੂੰ ਅਕਾਸ਼ ਵਿੱਚ ਤਾਰਿਆਂ ਦਾ ਮੇਲਾ ਲੱਗ ਗਿਆ।

   (ਅ) ਰੋਗੀਆਂ ਨਾਲ ਹਮਦਰਦੀ ਕਰੋ ਅਤੇ ਉਨ੍ਹਾਂ ਦੀਆਂ ਅਸੀਸਾਂ ਲਵੋ।

   (ੲ) ਉਸਨੇ ਮੈਨੂੰ ਗਾਲ੍ਹ ਕੱਢੀ ਤੇ ਮੈਂ ਉਸਨੂੰ ਥੱਪੜ ਮਾਰਿਆ।

   (ਸ) ਮਜ਼ਦੂਰਾਂ ਨੂੰ ਸੱਦ ਕੇ ਇੱਟਾਂ ਚੁਕਵਾਓ।

   (ਹ) ਰੋਗੀ ਇਸ ਕਰਕੇ ਬੱਚ ਗਿਆ, ਕਿਉਂਕਿ ਉਸਨੂੰ ਸਮੇਂ ਸਿਰ ਡਾਕਟਰੀ ਸਹਾਇਤਾ ਮਿਲ ਗਈ ਸੀ। 5



www.a2zpapers.com www.a2zpapers.com
oad free old Question papers gndu, ptu hp board, punjab

a2zpapers.com

3. ਹੇਠ ਲਿਖੇ ਵਾਕਾਂ ਨੂੰ ਨਿਰਦੇਸ਼ ਅਨੁਸਾਰ ਬਦਲੋ :

(ੳ) ਮੈਂ ਸਟੇਸ਼ਨ 'ਤੇ ਪੁੱਜਾ ਤਾਂ ਗੱਡੀ ਚੱਲ ਪਈ। (ਸੰਯੁਕਤ ਵਾਕ ਬਣਾਓ)

(ਅ) ਮਾਲੀ ਨੇ ਸਾਡੇ ਬਾਗ ਵਿੱਚ ਕੰਮ ਕੀਤਾ ਤੇ ਮੈਂ ਉਸਨੂੰ ਦਸ ਰੁਪਏ ਦਿੱਤੇ। (ਮਿਸ਼ਰਤ ਵਾਕ ਬਣਾਓ)

(ੲ) ਉਸਦੇ ਭਰਾ ਦਾ ਵਿਆਹ ਹੈ ਅਤੇ ਉਹ ਕਾਲਜ ਨਹੀਂ ਆਇਆ। (ਸਾਧਾਰਨ ਵਾਕ ਬਣਾਓ)

(ਸ) ਮੋਹਨ ਨੇ ਬਜ਼ਾਰ ਤੋਂ ਸਬਜੀ ਅਤੇ ਫ਼ਲ ਖਰੀਦੇ। (ਸੰਯੁਕਤ ਵਾਕ ਬਣਾਓ)

(ਹ) ਉਸਨੇ ਮੈਨੂੰ ਗਾਲ੍ਹ ਕੱਢੀ ਤੇ ਮੈਂ ਉਸਦੇ ਥੱਪੜ ਮਾਰਿਆ। (ਮਿਸ਼ਰਤ ਵਾਕ ਬਣਾਓ) 5

4. ਹੇਠ ਲਿਖੇ ਵਾਕਾਂ ਨੂੰ ਪੰਜਾਬੀ ਵਾਕ-ਤਰਤੀਬ ਅਨੁਸਾਰ ਸ਼ੋਧ ਕੇ ਲਿਖੋ :

(ੳ) ਹੋ ਗਿਆ ਫੇਲ ਇਕ ਪੇਪਰ ਨਾ ਦੇਣ ਕਰਕੇ ਸੁਰਿੰਦਰ।

(ਅ) ਡਰ ਸੀ ਦੋਸ਼ੀ ਨੂੰ ਸਜ਼ਾ ਮਿਲਣ ਦਾ ਕਚਹਿਰੀ ਤੋਂ।

(ੲ) ਅੱਜ ਇਸ ਕਰਕੇ ਨਹੀਂ ਆਇਆ ਸਕੂਲ ਉਹ ਵਿਆਹ ਹੈ ਉਸਦੇ ਭਰਾ ਦਾ।

(ਸ) ਲਾਲਚੀ ਅਤੇ ਝੂਠਾ ਹੈ ਰਾਮਨਾਥ।

(ਹ) ਕੱਢੀ ਸੀ ਗਾਲ੍ਹ ਉਸਨੇ ਮੈਨੂੰ ਤੇ ਥੱਪੜ ਮਾਰਿਆ ਮੈ ਵੀ ਉਸਨੂੰ। 5

## ਭਾਗ—ਦੂਜਾ

5. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** 'ਤੇ ਪੈਰ੍ਹਾ ਰਚਨਾ ਲਿਖੋ :

(ੳ) ਭ੍ਰਿਸ਼ਟਾਚਾਰ

(ਅ) ਕੰਪਿਊਟਰ ਦਾ ਯੁੱਗ

(ੲ) ਔਰਤਾਂ ਵਿਰੁੱਧ ਅਪਰਾਧ। 5



www.a2zpapers.com www.a2zpapers.com
oad free old Question papers gndu, ptu hp board, punjab

www.a2zpapers.com

a2zpapers.com

www.a2zpapers.com

6. ਤੁਹਾਡਾ ਸਕੂਟਰ ਜਾਂ ਮੋਬਾਇਲ ਫੋਨ ਗੁਆਚ ਗਿਆ ਹੈ, ਤੁਸੀਂ ਉਸ ਦੀ ਥਾਣੇ ਵਿੱਚ ਰਿਪੋਰਟ ਲਿਖਾਉਣ ਲਈ ਬੇਨਤੀ ਪੱਤਰ ਲਿਖੋ।

ਜਾਂ

ਆਪਣੇ ਮਿੱਤਰ ਜਾਂ ਸਹੇਲੀ ਨੂੰ ਚਿੱਠੀ ਲਿਖੋ ਕਿ ਉਹ ਪੜ੍ਹਾਈ ਅਤੇ ਖੇਡਾਂ ਵਿੱਚ ਬਰਾਬਰ ਧਿਆਨ ਦੇਵੇ। 5

7. ਕਿਸੇ **ਪੰਜ ਮੁਹਾਵਰਿਆਂ** ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਉਨ੍ਹਾਂ ਦੇ ਅਰਥ ਸਪੱਸ਼ਟ ਹੋ ਜਾਣ :

ਲਾਲ ਪੀਲਾ ਹੋਣਾ, ਰੰਗ ਉੱਡਣਾ, ਰਫੂਚੱਕਰ ਹੋਣਾ, ਪੱਗ ਬਚਾਉਣੀ, ਨਸੀਬ ਫੁੱਟ ਜਾਣੇ, ਈਨ ਮੰਨਣੀ, ਘਿਉ-ਖਿਚੜੀ ਹੋਣਾ, ਆਪੇ ਤੋਂ ਬਾਹਰ ਹੋਣਾ। 5

## ਭਾਗ—ਤੀਜਾ

8. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਗੁਰੂ ਗੋਬਿੰਦ ਸਿੰਘ ਜੀ ਮਾਨਵਤਾ ਦੇ ਆਸ਼ਕ ਸਨ। ਉਨ੍ਹਾਂ ਦਾ ਸੰਘਰਸ਼ ਕਿਸੇ ਜਾਤੀ ਸੰਪਰਦਾਇ ਵਿਰੁੱਧ ਨਹੀਂ ਸੀ। ਉਨ੍ਹਾਂ ਜਿੱਥੇ ਵੀ ਜ਼ੁਲਮ ਦੇਖਿਆ, ਉਸ ਨੂੰ ਲਲਕਾਰਿਆ ਤੇ ਉਨ੍ਹਾਂ ਦੇ ਸੇਵਕਾਂ ਵਿੱਚ ਹਰ ਧਰਮ ਨੂੰ ਮੰਨਣ ਵਾਲੇ ਸਨ। ਨਬੀ ਖਾਂ ਤੇ ਗਨੀ ਖਾਂ ਤੋਂ ਛੁੱਟ ਉਹ ਪਠਾਣ, ਜਿਸ ਨੇ ਉਨ੍ਹਾਂ ਤੇ ਕਾਤਲਾਨਾ ਹਮਲਾ ਕੀਤਾ, ਮੁਸਲਮਾਨ ਸਨ। ਉਨ੍ਹਾਂ ਛੋਟੀ ਜਿਹੀ ਉਮਰ ਵਿੱਚ ਆਪਣੀ ਬਹੁ-ਪੱਖੀ ਪ੍ਰਤਿਭਾ ਨਾਲ ਜੀਵਨ ਨੂੰ ਪ੍ਰਭਾਵਿਤ ਕੀਤਾ। ਉਹ ਸੰਤ-ਸਿਪਾਹੀ ਸਨ। ਉਨ੍ਹਾਂ ਦਾ ਸਾਹਿਤ ਪ੍ਰੇਮ ਅਦੁੱਤੀ ਸੀ। ਉਨ੍ਹਾਂ ਦੇ ਦਰਬਾਰ ਵਿੱਚ, ਕਹਿੰਦੇ ਹਨ, ਬੱਵੰਜਾ ਕਵੀ ਹੁੰਦੇ ਸਨ, ਜਿਨ੍ਹਾਂ ਨੂੰ ਸਾਹਿਤ ਰਚਨਾ ਲਈ ਉਹ ਉਤਸ਼ਾਹਿਤ ਕਰਦੇ ਸਨ। ਗੁਰੂ ਜੀ



www.a2zpapers.com www.a2zpapers.com
oad free old Question papers gndu, ptu hp board, punjab

a2zpapers.com

ਦੀਆਂ ਆਪਣੀਆਂ ਰਚਨਾਵਾਂ ਵਿੱਚੋਂ 'ਜ਼ਫ਼ਰਨਾਮਾ', 'ਜਾਪੁ ਸਾਹਿਬ', 'ਅਕਾਲ ਉਸਤਤ', 'ਚੰਡੀ ਚਰਿੱਤਰ', 'ਦਸਮ ਗ੍ਰੰਥ', 'ਚੰਡੀ ਦੀ ਵਾਰ' ਆਦਿ ਬਹੁਤ ਪ੍ਰਸਿੱਧ ਹਨ।

**ਪ੍ਰਸ਼ਨ :**

(ੳ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

(ਅ) ਨਬੀ ਖਾਂ ਤੇ ਗਨੀ ਖਾਂ ਕੌਣ ਸਨ ?

(ੲ) ਗੁਰੂ ਜੀ ਦੀਆਂ ਪ੍ਰਸਿੱਧ ਰਚਨਾਵਾਂ ਦੇ ਨਾਂ ਲਿਖੋ।

(ਸ) ਗੁਰੂ ਜੀ ਦੇ ਦਰਬਾਰ ਵਿੱਚ ਕਿੰਨੇ ਕਵੀ ਹੁੰਦੇ ਸਨ ?

(ਹ) ਲਕੀਰੇ ਸ਼ਬਦਾਂ ਦੇ ਅਰਥ ਲਿਖੋ। 5

9. ਹੇਠਾਂ ਦਿੱਤੇ ਪੈਰ੍ਹੇ ਦੀ **ਇੱਕ ਤਿਆਹੀ ਹਿੱਸੇ ਵਿੱਚ ਸੰਖੇਪ ਰਚਨਾ** ਕਰੋ ਅਤੇ ਇਸ ਦਾ **ਢੁੱਕਵਾਂ ਸਿਰਲੇਖ** ਵੀ ਲਿਖੋ :

ਕਿੰਨੀ ਅਨੋਖੀ ਨਿਆਮਤ ਹਨ ਪੁਸਤਕਾਂ ਜਦੋਂ ਦੁੱਖਾਂ-ਮੁਸੀਬਤਾਂ ਦੇ ਕਾਲੇ ਬੱਦਲ ਸਾਡੇ ਜੀਵਨ ਨੂੰ ਹਨੇਰੀ ਬੁੱਕਲ ਵਿੱਚ ਲਪੇਟ ਲੈਂਦੇ ਹਨ, ਜਦੋਂ ਸੰਗੀ-ਸਾਥੀ ਤੇ ਮਿੱਤਰ-ਸੰਬੰਧੀ ਸਾਥ ਛੱਡ ਜਾਂਦੇ ਹਨ, ਤਾਂ ਇਹ ਪੁਸਤਕਾਂ ਆਪਣੇ ਮਿੱਠੇ ਤੇ ਸਿਆਣੇ ਬੋਲਾਂ ਨਾਲ ਸਾਡਾ ਹੌਸਲਾ ਵਧਾਉਂਦੀਆਂ ਹਨ, ਸਾਨੂੰ ਢਾਰਸ ਬਣਾਉਂਦੀਆਂ ਹਨ ਅਤੇ ਸਾਡੇ ਗਿਆਨ ਵਿੱਚ ਵਾਧਾ ਕਰਦੀਆਂ ਹਨ। ਇਹ ਸਾਨੂੰ ਦ੍ਰਿੜ੍ਹਤਾ ਨਾਲ ਜੀਣ ਦੀ ਜਾਚ ਦੱਸਦੀਆਂ ਹਨ। ਮਨੁੱਖਾਂ ਦੀ ਹਜ਼ਾਰਾਂ ਵਰਿਆਂ ਦੀ ਸਿਆਣਪ ਤੇ ਤਜ਼ਰਬਿਆਂ ਦਾ ਨਿਚੋੜ ਇਨ੍ਹਾਂ ਵਿੱਚ ਬੰਦ ਹੁੰਦਾ ਹੈ। ਇਨ੍ਹਾਂ ਦੇ ਬੂਹੇ ਹਰ ਵੱਡੇ-ਛੋਟੇ, ਉੱਚੇ-ਨੀਵੇਂ, ਅਮੀਰ-ਗਰੀਬ ਲਈ ਖੁਲ੍ਹੇ ਹਨ। ਇਹ ਸਾਨੂੰ ਇੱਕ ਅਜਿਹੀ ਦੌਲਤ ਨਾਲ ਮਾਲਾਮਾਲ ਕਰਦੀਆਂ ਹਨ, ਜਿਸ ਨੂੰ ਚੋਰ ਨਹੀਂ ਚੁਰਾ ਸਕਦਾ, ਪਾਣੀ ਰੋੜ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ। ਖੁਸ਼ ਕਿਸਮਤ ਹਨ ਉਹ ਇਨਸਾਨ, ਜਿਨ੍ਹਾਂ ਨੂੰ ਉੱਤਮ ਪੁਸਤਕਾਂ ਪੜ੍ਹਨ ਤੇ ਮਾਣਨ ਦਾ ਅਮੁੱਕ ਸ਼ੌਂਕ ਹੈ। 10



www.a2zpapers.com
www.a2zpapers.com www.a2zpapers.com
oad free old Question papers gndu, ptu hp board, punjab